D:\Amritsar\General.doc

ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ
ਪਲਾਟ ਨੰ: 1 ਬੀ, ਸੈਕਟਰ 27 ਏ, ਚੰਡੀਗੜ੍ਹ ।

ਸੇਵਾ ਵਿਖੇ

ਮੁੱਖ ਇੰਜੀਨੀਅਰ (ਪੱਛਮ),
ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ,
ਅੰਮ੍ਰਿਤਸਰ ।

ਨੰ:- ਪਵਸਸਬ-2019/ਵ-2/ 18452 ਮਿਤੀ:- 19/8/19

**ਵਿਸ਼ਾ:-** ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਨੂੰ ਪੰਜਾਬ ਰਾਜ ਦੇ ਵੱਖ ਵੱਖ ਜ਼ਿਲਿਆਂ ਅਤੇ ਦੇਸ਼/ਵਿਦੇਸ਼ ਤੋ ਪ੍ਰਾਪਤ ਹੋਈ ਡਾਕ ਦੇ ਨਿਪਟਾਰੇ ਸਬੰਧੀ ।
ਸ੍ਰੀ ਰਜਿੰਦਰ ਕੁਮਾਰ, ਮਕਾਨ ਨੰ: 10201-40 ਗਲੀ ਨੰ: 14, ਕੋਟ ਹਰਨਾਮ ਦਾਸ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ ਵਲੋ ਪ੍ਰਾਪਤ ਸ਼ਿਕਾਇਤ।

ਹਵਾਲਾ ਇਸ ਦਫਤਰ ਦਾ ਪੱਤਰ ਨੰ: 3363 ਮਿਤੀ 20.2.2019 ਅਤੇ ਨੰ: 16250 ਮਿਤੀ 18.7.2019, ਉਕਤ ਵਿਸ਼ੇ ਤੇ

ਉਪਰੋਕਤ ਵਿਸ਼ੇ ਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਨੂੰ ਸੁਪਰਡੰਟ, ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ,(ਸ.ਸ.4 ਸ਼ਾਖਾ) ਚੰਡੀਗੜ੍ਹ ਦਾ ਮੀਮੋ ਨੰ: 5/11/2016-4ਸਸ24(1ਸਸ4)/645 ਮਿਤੀ 13.2.2019 ਦੀ ਨਕਲ ਸਮੇਤ ਸਹਿਲਗ ਸੂਚਨਾਂ ਅਤੇ ਅਗਲੀ ਲੋੜੀਦੀ ਕਾਰਵਾਈ ਹਿੱਤ ਭੇਜਦੇ ਹੋਏ ਲਿਖਿਆ ਗਿਆ ਸੀ ਕਿ ਵਿਸ਼ੇ ਸਬੰਧੀ ਮਾਮਲੇ ਤੇ ਕਾਰਵਾਈ ਕਰਦੇ ਹੋਏ ਰਿਪੋਰਟ ਸਬੰਧਤ ਪ੍ਰਾਰਥੀ ਨੂੰ ਭੇਜਦੇ ਹੋਏ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ ਤਾਂ ਜੋ ਸੂਚਨਾ ਸਰਕਾਰ ਨੂੰ ਮੁਹੱਈਆਂ ਕਰਵਾਈ ਜਾ ਸਕੇ। ਪਰੰਤੂ 5 ਮਹੀਨੇ ਦਾ ਸਮਾਂ ਬੀਤ ਜਾਣ ਉਪਰੰਤ ਵੀ ਰਿਪੋਰਟ ਇਸ ਦਫਤਰ ਵਿਖੇ ਪ੍ਰਾਪਤ ਨਹੀ ਹੋਈ।

ਇਸ ਲਈ ਆਪ ਨੂੰ ਮੁੜ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਅਨੁਸਾਰ ਮੰਗੀ ਰਿਪੋਰਟ ਤੁਰੰਤ ਇਸ ਦਫਤਰ ਨੂੰ ਭੇਜੀ ਜਾਵੇ ਤਾਂ ਜੋ ਸੂਚਨਾ ਸਰਕਾਰ ਨੂੰ ਮੁਹੱਈਆਂ ਕਰਵਾਈ ਜਾ ਸਕੇ।

ਸੁਪਰਡੰਟ(ਕੰਮ)